ਮਿੱਠੇ ਬੱਚੇ:- "ਮਿੱਠੇ ਬੱਚੇ :- ਮਾਇਆ ਦੁਸ਼ਮਣ ਤੁਹਾਡੇ ਸਾਹਮਣੇ ਹੈ ਇਸਲਈ ਬਹੁਤ - ਬਹੁਤ ਸੰਭਾਲ ਕਰਨੀ ਹੈ, ਜੇਕਰ ਚਲਦੇ - ਚਲਦੇ ਮਾਇਆ ਵਿੱਚ ਫਸ ਗਏ ਤਾਂ ਆਪਣੀ ਤਕਦੀਰ ਨੂੰ ਲਕੀਰ ਲਗਾ ਦਵੋਗੇ"

ਪ੍ਰਸ਼ਨ:- ਤੁਸੀਂ ਰਾਜਯੋਗੀ ਬੱਚਿਆਂ ਦਾ ਮੁਖ ਕਰਤਵ ਕੀ ਹੈ?

ਉੱਤਰ:- ਪੜ੍ਹਣਾ ਅਤੇ ਪੜ੍ਹਾਉਣਾ, ਇਹ ਹੀ ਤੁਹਾਡਾ ਮੁਖ ਕਰਤਵ ਹੈ। ਤੁਸੀਂ ਹੋ ਈਸ਼ਵਰੀ ਮਤ ਤੇ। ਤੁਹਾਨੂੰ ਕੋਈ ਜੰਗਲ ਵਿੱਚ ਨਹੀਂ ਜਾਣਾ ਹੈ। ਘਰ ਗ੍ਰਹਿਸਤ ਵਿੱਚ ਰਹਿੰਦੇ ਸ਼ਾਂਤੀ ਵਿੱਚ ਬੈਠ ਬਾਪ ਨੂੰ ਯਾਦ ਕਰਨਾ ਹੈ। ਅਲਫ ਅਤੇ ਬੇ, ਇਹਨਾਂ ਦੋ ਸ਼ਬਦਾਂ ਵਿੱਚ ਤੁਹਾਡੀ ਸਾਰੀ ਪੜ੍ਹਾਈ ਆ ਜਾਂਦੀ ਹੈ।

ਓਮ ਸ਼ਾਂਤੀ। ਬਾਪ ਵੀ ਬ੍ਰਹਮਾ ਦਵਾਰਾ ਕਹਿ ਸਕਦੇ ਹਨ ਕਿ ਬੱਚੇ ਗੁੱਡਮੋਰਨਿੰਗ। ਪਰ ਫਿਰ ਬੱਚਿਆਂ ਨੂੰ ਵੀ ਰਿਸਪਾਂਡ ਦੇਣਾ ਪਵੇ। ਇੱਥੇ ਹੈ ਹੀ ਬਾਪ ਅਤੇ ਬੱਚਿਆਂ ਦਾ ਕੁਨੈਕਸ਼ਨ। ਨਵੇਂ ਜੋ ਹਨ ਜਦੋਂ ਤੱਕ ਪੱਕੇ ਹੋ ਜਾਣ, ਕੁਝ ਨਾ ਕੁਝ ਪੁੱਛਦੇ ਰਹਿਣਗੇ। ਇਹ ਤਾਂ ਪੜ੍ਹਾਈ ਹੈ, ਭਗਵਾਨੁਵਾਚ ਵੀ ਲਿਖਿਆ ਹੈ। ਭਗਵਾਨ ਹੈ ਨਿਰਾਕਾਰ। ਇਹ ਬਾਬਾ ਚੰਗੀ ਤਰ੍ਹਾਂ ਪੱਕਾ ਕਰਾਉਂਦੇ ਹਨ, ਕਿਸੇਨੂੰ ਵੀ ਸਮਝਾਉਣ ਦੇ ਲਈ ਕਿਉਂਕਿ ਉਸ ਵਲ ਹੈ ਮਾਇਆ ਦਾ ਜ਼ੋਰ। ਇੱਥੇ ਤਾਂ ਉਹ ਗੱਲ ਨਹੀਂ ਹੈ। ਬਾਪ ਤਾਂ ਸਮਝਾਉਂਦੇ ਹਨ ਜਿਨ੍ਹਾਂ ਨੇ ਕਲਪ ਪਹਿਲੇ ਵਰਸਾ ਲਿਆ ਹੈ ਉਹ ਆਪੇਹੀ ਆ ਜਾਣਗੇ। ਇਵੇਂ ਨਹੀਂ ਕਿ ਫਲਾਣਾ ਚਲਾ ਨਾ ਜਾਏ, ਇਸਨੂੰ ਫੜੀਐ। ਚਲਾ ਜਾਏ ਤਾਂ ਚਲਾ ਜਾਏ। ਇੱਥੇ ਤਾਂ ਜਿੰਦੇ ਜੀ ਮਰਨ ਦੀ ਗੱਲ ਹੈ। ਬਾਪ ਐਡੋਪਡ ਕਰਦੇ ਹਨ। ਐਡੋਪਡ ਕੀਤਾ ਹੀ ਜਾਂਦਾ ਹੈ ਕੁਝ ਵਰਸਾ ਦੇਣ ਲਈ। ਬੱਚੇ ਮਾਂ -ਬਾਪ ਦੇ ਕੋਲ ਆਉਂਦੇ ਹੀ ਹਨ ਵਰਸੇ ਦੇ ਲਾਲਚ ਵਿੱਚ। ਸ਼ਾਹੂਕਾਰ ਦਾ ਬੱਚਾ ਕਦੀ ਗਰੀਬ ਦੇ ਕੋਲ ਏਡਾਪਡ ਹੋਵੇਗਾ ਕੀ! ਇਨਾਂ ਧਨ ਦੌਲਤ ਆਦਿ ਸਭ ਛੱਡ ਕਿਵੇਂ ਜਾਣਗੇ। ਐਡੋਪਡ ਕਰਦੇ ਹਨ ਸਾਹੂਕਾਰ। ਹੁਣ ਤੁਸੀਂ ਜਾਣਦੇ ਹੋ ਬਾਬਾ ਸਾਨੂੰ ਸਵਰਗ ਦੀ ਬਾਦਸ਼ਾਹੀ ਦਿੰਦੇ ਹਨ। ਕਿਉਂ ਨਾ ਉਹਨਾਂ ਦਾ ਬਣਨਗੇ। ਹਰ ਇਕ ਵਿੱਚ ਲਾਲਚ ਤਾਂ ਰਹਿੰਦੀ ਹੈ। ਜਿਨਾਂ ਬਹੁਤ ਪੜਣਗੇ ਓਨੀ ਵੱਡੀ ਲਾਲਚ ਹੋਵੇਗੀ। ਤੁਸੀਂ ਵੀ ਜਾਣਦੇ ਹੋ ਬਾਪ ਨੇ ਸਾਨੂੰ ਐਡੋਪਡ ਕੀਤਾ ਹੈ ਬੇਹੱਦ ਦੇ ਵਰਸਾ ਦੇਣ ਲਈ। ਬਾਪ ਵੀ ਕਹਿੰਦੇ ਹਨ ਤੁਸੀਂ ਸਭਨੂੰ ਅਸੀਂ ਫਿਰ ਤੋਂ 5 ਹਜ਼ਾਰ ਵਰ੍ਹੇ ਪਹਿਲੇ ਮੁਅਫਿਕ ਐਡੋਪਡ ਕਰਦੇ ਹਾਂ। ਤੁਸੀਂ ਵੀ ਕਹਿੰਦੇ ਹੋ ਬਾਬਾ ਅਸੀਂ ਤੁਹਾਡੇ ਹਾਂ। 5 ਹਜ਼ਾਰ ਵਰ੍ਹੇ ਪਹਿਲੇ ਵੀ ਤੁਹਾਡੇ ਬਣੇ ਸੀ। ਤੁਸੀਂ ਪ੍ਰੈਕਟੀਕਲ ਵਿੱਚ ਕਿੰਨੇ ਬ੍ਰਹਮਾਕੁਮਾਰ - ਕੁਮਾਰੀਆਂ ਹੋ। ਪ੍ਰਜਾਪਿਤਾ ਵੀ ਤਾਂ ਨਾਮੀਗ੍ਰਾਮੀ ਹਨ। ਜਦੋਂ ਤੱਕ ਸ਼ੂਦ੍ਰ ਤੋਂ ਬ੍ਰਾਹਮਣ ਨਾ ਬਣੇ ਤਾਂ ਦੇਵਤਾ ਬਣ ਨਾ ਸਕਣ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੁਣ ਇਹ ਚੱਕਰ ਫਿਰਦਾ ਰਹਿੰਦਾ ਹੈ - ਅਸੀਂ ਸ਼ੂਦ੍ਰ ਸੀ, ਹੁਣ ਬ੍ਰਾਹਮਣ ਬਣੇ ਹਾਂ ਫਿਰ ਦੇਵਤਾ ਬਣਨਾ ਹੈ। ਸਤਿਯੁਗ ਵਿੱਚ ਅਸੀਂ ਰਾਜ ਕਰਾਂਗੇ। ਤਾਂ ਇਸ ਪੁਰਾਣੀ ਦੁਨੀਆਂ ਦਾ ਵਿਨਾਸ਼ ਜਰੂਰ ਹੋਣਾ ਹੈ। ਪੂਰਾ ਨਿਸ਼ਚੇ ਨਹੀਂ ਬੈਠਦਾ ਹੈ ਤਾਂ ਫਿਰ ਚਲੇ ਜਾਂਦੇ ਹਨ। ਕਈ ਕੱਚੇ ਹਨ ਜੋ ਡਿੱਗ ਜਾਂਦੇ ਹਨ, ਇਹ ਵੀ ਡਰਾਮੇ ਵਿੱਚ ਨੂੰਧ ਹੈ। ਮਾਇਆ ਦੁਸ਼ਮਣ ਸਾਹਮਣੇ ਖੜੀ ਹੈ, ਤਾਂ ਉਹ ਆਪਣੇ ਵਲ ਖਿੱਚ ਲੈਂਦੀ ਹੈ। ਬਾਪ ਘੜੀ - ਘੜੀ ਪੱਕਾ ਕਰਾਉਂਦੇ ਹਨ, ਮਾਇਆ ਵਿੱਚ ਫਸ ਨਹੀਂ ਜਾਣਾ, ਨਹੀਂ ਤਾਂ ਆਪਣੀ ਤਕਦੀਰ ਨੂੰ ਲਕੀਰ ਲਗਾ ਦਵੋਗੇ। ਬਾਪ ਹੀ ਪੁੱਛ ਸਕਦੇ ਹਨ ਕਿ ਅੱਗੇ ਕਦੋਂ ਮਿਲੇ ਹੋ? ਹੋਰ ਕਿਸੇ ਨੂੰ ਪੁੱਛਣ ਦਾ ਅਕਲ ਆਏਗਾ ਹੀ ਨਹੀਂ। ਬਾਪ ਕਹਿੰਦੇ ਹੈ ਮੈਨੂੰ ਵੀ ਫਿਰ ਤੋਂ ਗੀਤਾ ਸੁਣਾਉਣ ਆਉਣਾ ਪਵੇ। ਆਕੇ ਰਾਵਣ ਨੂੰ ਜੇਲ੍ਹ ਤੋਂ ਛੁਡਾਉਣਾ ਪਵੇ। ਬੇਹੱਦ ਦਾ ਬਾਪ ਬੇਹੱਦ ਦੀ ਗੱਲ ਸਮਝਾਉਂਦੇ ਹਨ। ਹੁਣ ਰਾਵਣ ਦਾ ਰਾਜ ਹੈ, ਪਤਿਤ ਰਾਜ ਹੈ ਜੋ ਅੱਧਾਕਲਪ ਤੋਂ ਸ਼ੁਰੂ ਹੋਇਆ ਹੈ। ਰਾਵਣ ਨੂੰ 10 ਸ਼ੀਸ਼ ਦਿਖਾਉਂਦੇ ਹਨ, ਵਿਸ਼ਨੂੰ ਨੂੰ 4 ਭੁਜਾ ਦਿਖਾਉਂਦੇ ਹਨ। ਇਵੇਂ ਕੋਈ ਮਨੁੱਖ ਹੁੰਦਾ ਨਹੀਂ। ਇਹ ਤਾਂ ਪ੍ਰਵ੍ਰਿਤੀ ਮਾਰਗ ਦਿਖਾਇਆ ਜਾਂਦਾ ਹੈ। ਇਹ ਹੈ ਏਮ ਆਬਜੇਕ੍ਰ, ਵਿਸ਼ਨੂੰ ਦਵਾਰਾ ਪਾਲਣਾ, ਵਿਸ਼ਨੂੰਪੁਰੀ ਨੂੰ ਕ੍ਰਿਸ਼ਨਪੁਰੀ ਵੀ ਕਹਿੰਦੇ ਹਨ। ਸ਼੍ਰੀਕ੍ਰਿਸ਼ਨ ਨੂੰ ਤਾਂ 2 ਬਾਹਾਂ ਹੀ ਦਿਖਾਉਣਗੇ ਨਾ। ਮਨੁੱਖ ਤਾਂ ਕੁਝ ਵੀ ਸਮਝਦੇ ਨਹੀਂ ਹੈ। ਬਾਪ ਹਰ ਇੱਕ ਗੱਲ ਸਮਝਾਉਂਦੇ ਹਨ। ਉਹ ਸਭ ਹੈ ਭਗਤੀ ਮਾਰਗ। ਹੁਣ ਤੁਹਾਨੂੰ ਗਿਆਨ ਹੈ, ਤੁਹਾਡੀ ਏਮ ਆਬਜੈਕਟ ਹੀ ਹੈ ਨਰ ਤੋਂ ਨਾਰਾਇਣ ਬਣਨ ਦੀ। ਇਹ ਗੀਤਾ ਪਾਠਸ਼ਾਲਾ ਹੈ ਹੀ ਜੀਵਨਮੁਕਤੀ ਪ੍ਰਾਪਤ ਕਰਨ ਦੇ ਲਈ। ਬ੍ਰਾਹਮਣ ਤਾਂ ਜਰੂਰ ਚਾਹੀਦਾ ਹੈ। ਇਹ ਹੈ ਰੁੱਦ੍ਰ ਗਿਆਨ ਯੱਗ। ਸ਼ਿਵ ਨੂੰ ਰੁੱਦ੍ਰ ਵੀ ਕਹਿੰਦੇ ਹਨ। ਹੁਣ ਬਾਪ ਪੁੱਛਦੇ ਹਨ ਗਿਆਨ ਯੱਗ ਸ਼੍ਰੀਕ੍ਰਿਸ਼ਨ ਦਾ ਹੈ ਜਾਂ ਸ਼ਿਵ ਦਾ ਹੈ? ਸ਼ਿਵ ਨੂੰ ਪਰਮਾਤਮਾ ਹੀ ਕਹਿੰਦੇ ਹਨ, ਸ਼ੰਕਰ ਨੂੰ ਦੇਵਤਾ ਕਹਿੰਦੇ ਹਨ। ਉਹਨਾਂ ਨੇ ਫਿਰ ਸ਼ਿਵ ਅਤੇ ਸ਼ੰਕਰ ਨੂੰ ਇਕੱਠਾ ਕਰ ਦਿੱਤਾ ਹੈ।ਹੁਣ ਬਾਪ ਕਹਿੰਦੇ ਹਨ ਅਸੀਂ ਇਹਨਾਂ ਵਿੱਚ ਪ੍ਰਵੇਸ਼ ਕੀਤਾ ਹੈ। ਤੁਸੀਂ ਬੱਚੇ ਕਹਿੰਦੇ ਹੋ ਬਾਪਦਾਦਾ। ਉਹ ਕਹਿੰਦੇ ਹਨ ਸ਼ਿਵਸ਼ੰਕਰ। ਗਿਆਨ ਸਾਗਰ ਤਾਂ ਹੈ ਹੀ ਇੱਕ।

ਹੁਣ ਤੁਸੀਂ ਜਾਣਦੇ ਹੋ ਬ੍ਰਹਮਾ ਵਿਸ਼ਨੂੰ ਬਣਦੇ ਹਨ ਗਿਆਨ ਨਾਲ। ਚਿੱਤਰ ਵੀ ਬਰੋਬਰ ਬਣਾਉਂਦੇ ਹਨ। ਵਿਸ਼ਨੂੰ ਦੀ ਨਾਭੀ ਤੋਂ ਬ੍ਰਹਮਾ ਨਿਕਲਿਆ। ਇਸ ਦਾ ਅਰਥ ਕੋਈ ਸਮਝ ਨਹੀਂ ਸਕਦੇ। ਬ੍ਰਹਮਾ ਨੂੰ ਸ਼ਾਸਤਰ ਹੱਥ ਵਿੱਚ ਦਿੱਤੇ ਹਨ। ਹੁਣ ਸ਼ਾਸਤਰਾਂ ਦਾ ਸਾਰ ਬਾਪ ਬੈਠ ਸੁਣਾਉਂਦੇ ਹਨ ਜਾਂ ਬ੍ਰਹਮਾ? ਉਹ ਵੀ ਮਾਸਟਰ ਗਿਆਨ ਸਾਗਰ ਬਣਦੇ ਹਨ। ਬਾਕੀ ਚਿੱਤਰ ਇੰਨੇ ਢੇਰ ਬਣਾਏ ਹਨ, ਉਹ ਕੋਈ ਸਹੀ ਹੈ ਨਹੀਂ। ਉਹ ਹੈ ਸਭ ਭਗਤੀ ਮਾਰਗ ਦੇ। ਮਨੁੱਖ ਕੋਈ 8 -10 ਬਾਹਵਾਂ ਵਾਲੇ ਹੁੰਦੇ ਨਹੀਂ। ਇਹ ਤੇ ਸਿਰਫ਼ ਪ੍ਰਵ੍ਰਿਤੀ ਮਾਰਗ ਦਿਖਾਇਆ ਹੈ। ਰਾਵਣ ਦਾ ਵੀ ਅਰਥ ਦੱਸਿਆ ਹੈ - ਅੱਧਾਕਲਪ ਹੈ ਰਾਵਣ ਰਾਜ, ਰਾਤ। ਅੱਧਾਕਲਪ ਹੈ ਰਾਮਰਾਜ, ਦਿਨ। ਬਾਪ ਹਰ

ਇੱਕ ਗੱਲ ਸਮਝਾਉਂਦੇ ਹਨ। ਤੁਸੀਂ ਸਭ ਇੱਕ ਬਾਪ ਦੇ ਬੱਚੇ ਹੋ। ਬਾਪ ਬ੍ਰਹਮਾ ਦਵਾਰਾ ਵਿਸ਼ਨੂੰਪੁਰੀ ਦੀ ਸਥਾਪਨਾ ਕਰਦੇ ਹਨ ਤੇ ਤੁਹਾਨੂੰ ਰਾਜਯੋਗ ਸਿਖਾਉਂਦੇ ਹਨ। ਜਰੂਰ ਸੰਗਮ ਤੇ ਹੀ ਰਾਜਯੋਗ ਸਿਖਾਉਣਗੇ। ਦਵਾਪਰ ਵਿੱਚ ਗੀਤਾ ਸੁਣਾਈ, ਇਹ ਤਾਂ ਰਾਂਗ ਹੋ ਜਾਂਦਾ ਹੈ। ਬਾਪ ਸੱਚ ਦਸਦੇ ਹਨ। ਬਹੁਤਾ ਨੂੰ ਬ੍ਰਹਮਾ ਦਾ, ਸ਼੍ਰੀਕ੍ਰਿਸ਼ਨ ਦਾ ਸਾਕਸ਼ਾਤਕਾਰ ਹੁੰਦਾ ਹੈ। ਬ੍ਰਹਮਾ ਨੂੰ ਸਫ਼ੇਦ ਪੋਸ਼ ਹੀ ਦਿਖਾਉਦੇ ਹਨ। ਸ਼ਿਵਬਾਬਾ ਤਾਂ ਹੈ ਬਿੰਦੀ। ਬਿੰਦੀ ਦਾ ਸਾਕਸ਼ਾਤਕਾਰ ਹੋਵੇ ਤਾਂ ਕੋਈ ਸਮਝ ਨਾ ਸਕੇ। ਤੁਸੀਂ ਕਹਿੰਦੇ ਹੋ ਅਸੀਂ ਆਤਮਾ ਹਾਂ, ਹੁਣ ਆਤਮਾ ਨੂੰ ਕਿਸਨੇ ਦੇਖਿਆ ਹੈ, ਕਿਸੇ ਨੇ ਨਹੀਂ। ਉਹ ਤਾਂ ਬਿੰਦੀ ਹੈ। ਸਮਝ ਸਕਦੇ ਹਨ ਨਾ। ਜੋ ਜਿਸ ਭਗਵਾਨ ਭਾਵਨਾ ਨਾਲ ਜਿਸਦੀ ਪੂਜਾ ਕਰਦੇ ਹਨ, ਉਹਨਾਂ ਨੂੰ ਉਹ ਹੀ ਸਾਕਸ਼ਾਤਕਾਰ ਹੋਵੇਗਾ। ਦੂਸਰਾ ਜੇਕਰ ਰੂਪ ਦੇਖੇ ਤਾਂ ਮੂੰਝ ਪਵੇ। ਹਨੂਮਾਨ ਦੀ ਪੂਜਾ ਕਰੇਗਾ ਤਾਂ ਉਹਨਾਂ ਨੂੰ ਉਹ ਹੀ ਦਿਖਾਈ ਪਵੇਗਾ। ਗਣੇਸ਼ ਦੇ ਪੁਜਾਰੀ ਨੂੰ ਉਹ ਹੀ ਦਿਖਾਈ ਪਵੇਗਾ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਇੰਨਾਂ ਧੰਨਵਾਨ ਬਣਾਇਆ, ਹੀਰੇ ਜਵਾਹਰਾਤਾਂ ਦੇ ਮਹਿਲ ਸਨ, ਤੁਹਾਨੂੰ ਅਣਗਿਣਤ ਧਨ ਸੀ, ਤੁਸੀਂ ਹੁਣ ਉਹ ਸਭ ਕਿੱਥੇ ਗਵਾਇਆ? ਹੁਣ ਤੁਸੀਂ ਕੰਗਾਲ ਬਣ ਗਏ ਹੋ, ਭਿੱਖ ਮੰਗ ਰਹੇ ਹੋ। ਬਾਪ ਤਾਂ ਕਹਿ ਸਕਦੇ ਹਨ ਨਾ। ਹੁਣ ਤੁਸੀਂ ਬੱਚੇ ਸਮਝਦੇ ਹੋ ਬਾਪ ਆਏ ਹਨ, ਅਸੀਂ ਫਿਰ ਤੋਂ ਵਿਸ਼ਵ ਦੇ ਮਾਲਿਕ ਬਣਦੇ ਹਾਂ। ਇਹ ਡਰਾਮਾ ਅਨਾਦਿ ਬਣਿਆ ਹੋਇਆ ਹੈ। ਹਰੇਕ ਡਰਾਮਾ ਵਿੱਚ ਆਪਣਾ ਪਾਰ੍ਹ ਵਜਾ ਰਹੇ ਹਨ। ਕੋਈ ਇੱਕ ਸ਼ਰੀਰ ਛੱਡ ਜਾਕੇ ਦੂਸਰਾ ਲੈਂਦੇ ਹਨ, ਇਸ ਵਿੱਚ ਰੋਣ ਦੀ ਕੀ ਗੱਲ ਹੈ। ਸਤਿਯੁਗ ਵਿੱਚ ਕਦੀ ਰੋਂਦੇ ਨਹੀਂ। ਹੁਣ ਤੁਸੀਂ ਮੋਹਜੀਤ ਬਣ ਰਹੇ ਹੋ। ਮੋਹਜੀਤ ਰਾਜੇ ਇਹ ਲਕਸ਼ਮੀ - ਨਾਰਾਇਣ ਆਦਿ ਹਨ। ਉੱਥੇ ਮੋਹ ਹੁੰਦਾ ਨਹੀਂ। ਬਾਪ ਅਨੇਕ ਤਰ੍ਹਾਂ ਦੀਆਂ ਗੱਲਾਂ ਸਮਝਾਉਂਦੇ ਰਹਿੰਦੇ ਹਨ। ਬਾਪ ਹੈ ਨਿਰਾਕਾਰ। ਮਨੁੱਖ ਤੇ ਉਹਨਾਂ ਨੂੰ ਨਾਮ -ਰੂਪ ਤੋਂ ਨਿਆਰਾ ਕਹਿ ਦਿੰਦੇ ਹਨ। ਪਰ ਨਾਮ -ਰੂਪ ਤੋਂ ਨਿਆਰੀ ਕੋਈ ਚੀਜ਼ ਥੋੜੀਹੀ ਹੁੰਦੀ ਹੈ। ਹੇ ਭਗਵਾਨ,ਓ ਗੋਡ ਫ਼ਾਦਰ ਕਹਿੰਦੇ ਹਨ ਨਾ। ਤਾਂ ਨਾਮ - ਰੂਪ ਹੈ ਨਾ। ਲਿੰਗ ਨੂੰ ਸ਼ਿਵ ਪਰਮਾਤਮਾ, ਸ਼ਿਵਬਾਬਾ ਵੀ ਕਹਿੰਦੇ ਹਨ। ਬਾਬਾ ਤੇ ਹੈ ਨਾ ਬਰੋਬਰ। ਬਾਬਾ ਦੇ ਜਰੂਰ ਬੱਚੇ ਵੀ ਹੋਣਗੇ। ਨਿਰਾਕਾਰ ਨੂੰ ਨਿਰਾਕਾਰ ਆਤਮਾ ਹੀ ਬਾਬਾ ਕਹਿੰਦੀ ਹੈ। ਮੰਦਿਰ ਵਿੱਚ ਜਾਣਗੇ ਤਾਂ ਉਹਨਾਂ ਨੂੰ ਕਹਿਣਗੇ ਸ਼ਿਵਬਾਬਾ ਫਿਰ ਘਰ ਵਿੱਚ ਆਕੇ ਬਾਪ ਨੂੰ ਵੀ ਕਹਿੰਦੇ ਹਨ ਬਾਬਾ। ਅਰਥ ਤਾਂ ਸਮਝਦੇ ਨਹੀਂ, ਅਸੀਂ ਉਹਨਾਂ ਨੂੰ ਸ਼ਿਵਬਾਬਾ ਕਿਉਂ ਕਹਿੰਦੇ ਹਾਂ! ਵੱਡੀ ਤੋਂ ਵੱਡੀ ਪੜ੍ਹਾਈ ਦੋ ਅੱਖਰਾਂ ਵਿੱਚ ਪੜ੍ਹਾਉਂਦੇ ਹਨ - ਅਲਫ਼ ਅਤੇ ਬੇ। ਅਲਫ਼ ਨੂੰ ਯਾਦ ਕਰੋ ਤਾਂ ਬੇ - ਬਾਦਸ਼ਾਹੀ ਤੁਹਾਡੀ ਹੈ। ਇਹ ਬੜਾ ਭਾਰੀ ਇਮਤਿਹਾਨ ਹੈ। ਮਨੁੱਖ ਵੱਡਾ ਇਮਤਿਹਾਨ ਪਾਸ ਕਰਦੇ ਹਨ ਤਾਂ ਪਹਿਲੇ ਵਾਲੀ ਪੜ੍ਹਾਈ ਕੋਈ ਯਾਦ ਥੋੜੀਹੀ ਰਹਿੰਦੀ ਹੈ। ਪੜ੍ਹਦੇ - ਪੜ੍ਹਦੇ ਅਖ਼ਰੀਂਨ ਤੰਤ (ਸਾਰ) ਬੁੱਧੀ ਵਿੱਚ ਆ ਜਾਂਦਾ ਹੈ। ਇਹ ਵੀ ਇਵੇਂ ਹੈ। ਤੁਸੀਂ ਪੜ੍ਹਦੇ ਆਏ ਹੋ। ਅੰਤ ਵਿੱਚ ਫਿਰ ਬਾਪ ਕਹਿੰਦੇ ਹਨ ਮਨਮਨਾਭਵ, ਤਾਂ ਦੇਹ ਦਾ ਅਭਿਮਾਨ ਟੁੱਟ ਜਾਏਗਾ। ਇਹ ਮਨਮਨਾਭਵ ਦੀ ਆਦਤ ਪਈ ਹੋਵੇਗੀ ਤਾਂ ਪਿਛਾੜੀ ਵਿੱਚ ਵੀ ਬਾਪ ਅਤੇ ਵਰਸਾ ਯਾਦ ਰਹੇਗਾ। ਮੁਖ ਹੈ ਹੀ ਇਹ, ਕਿੰਨਾ ਸਹਿਜ ਹੈ। ਉਸ ਪੜ੍ਹਾਈ ਵਿੱਚ ਵੀ ਹੁਣ ਤਾਂ ਪਤਾ ਨਹੀਂ ਕੀ - ਕੀ ਪੜ੍ਹਦੇ ਹਨ। ਜਿਵੇਂ ਰਾਜਾ ਉਵੇਂ ਉਹ ਆਪਣੀ ਰਸਮ ਚਲਾਉਂਦੇ ਹਨ। ਅੱਗੇ ਮਨ, ਸੇਰ, ਪਾਵ ਦਾ ਹਿਸਾਬ ਚੱਲਦਾ ਸੀ। ਹੁਣ ਤਾਂ ਕਿਲੋ ਆਦਿ ਕੀ - ਕੀ ਨਿਕਲ ਪਿਆ ਹੈ। ਕਿੰਨੇ ਵੱਖ - ਵੱਖ ਪ੍ਰਾਂਤ ਹੋ ਗਏ ਹਨ। ਦੇਹਲੀ ਵਿੱਚ ਜੋ ਚੀਜ਼ ਇੱਕ ਰੁਪਏ ਸੇਰ, ਬੰਬੇ ਵਿੱਚ ਮਿਲੇਗੀ ਦੋ ਰੁਪਏ ਸੇਰ, ਕਿਉਂਕਿ ਪ੍ਰਾਂਤ ਵੱਖ -ਵੱਖ ਹਨ। ਹਰੇਕ ਸਮਝਦੇ ਹਨ ਅਸੀਂ ਆਪਣੇ ਪ੍ਰਾਂਤ ਨੂੰ ਭੁੱਖਾ ਥੋੜੀਹੀ ਮਾਰਾਂਗੇ। ਕਿੰਨੇ ਝਗੜੇ ਆਦਿ ਹੁੰਦੇ ਹਨ, ਕਿੰਨਾ ਰੋਲਾ ਹੈ।

ਭਾਰਤ ਕਿੰਨਾ ਸਾਲਵੇਂਟ ਸੀ ਫਿਰ 84 ਦਾ ਚੱਕਰ ਲਗਾਉਦੇ ਇਨਸਾਲਵੇਂਟ ਬਣ ਪਏ ਹਨ। ਕਿਹਾ ਜਾਂਦਾ ਹੈ ਹੀਰੇ ਵਰਗਾ ਜਨਮ ਅਮੋਲਕ ਕੌਡੀਦੇ ਬਦਲੇ ਖੋਆ ਰੇ... ਬਾਪ ਕਹਿੰਦੇ ਹਨ ਤੁਸੀਂ ਕੌਡੀਆਂ ਦੇ ਪਿਛਾੜੀ ਕਿਉਂ ਮਰਦੇ ਹੋ। ਹੁਣ ਤਾਂ ਬਾਪ ਕੋਲੋਂ ਵਰਸਾ ਲਵੋ, ਪਾਵਨ ਬਣੋ। ਬੁਲਾਉਂਦੇ ਵੀ ਹੋ - ਹੇ ਪਤਿਤ - ਪਾਵਨ ਆਓ, ਪਾਵਨ ਬਣਾਓ। ਤਾਂ ਇਸਨਾਲ ਸਿੱਧ ਹੈ ਪਾਵਨ ਸੀ, ਹੁਣ ਨਹੀਂ ਹਨ। ਹੁਣ ਹੈ ਹੀ ਕਲਿਯੁਗ। ਬਾਪ ਕਹਿੰਦੇ ਹਨ ਮੈਂ ਪਾਵਨ ਦੁਨੀਆਂ ਬਣਾਵਾਂਗਾ। ਤਾਂ ਪਤਿਤ ਦੁਨੀਆਂ ਦਾ ਜਰੂਰ ਵਿਨਾਸ਼ ਹੋਵੇਗਾ ਇਸਲਈ ਹੀ ਇਹ ਮਹਾਭਾਰਤ ਲੜਾਈ ਹੈ ਜੋ ਇਸ ਰੁੱਦ੍ਰ ਗਿਆਨ ਯੱਗ ਨਾਲ ਪ੍ਰਜਵਲਿਤ ਹੋਈ ਹੈ। ਡਰਾਮੇ ਵਿੱਚ ਤਾਂ ਇਹ ਵਿਨਾਸ਼ ਹੋਣ ਦੀ ਵੀ ਨੂੰਧ ਹੈ। ਪਹਿਲੇ - ਪਹਿਲੇ ਤਾਂ ਬਾਬਾ ਨੂੰ ਸਾਕਸ਼ਾਤਕਾਰ ਹੋਇਆ। ਦੇਖਿਆ ਇੰਨੀ ਵੱਡੀ ਰਾਜਾਈ ਮਿਲਦੀ ਹੈ ਤਾਂ ਬਹੁਤ ਖੁਸ਼ੀ ਹੋਣ ਲਗੀ, ਫਿਰ ਵਿਨਾਸ਼ ਦਾ ਸਾਕਸ਼ਾਤਕਾਰ ਵੀ ਕਰਾਇਆ। ਮਨਮਨਾਭਵ, ਮੱਧਜੀ ਭਵ। ਇਹ ਗੀਤਾ ਦੇ ਅੱਖਰ ਹਨ। ਕੋਈ - ਕੋਈ ਅੱਖਰ ਗੀਤਾ ਦੇ ਠੀਕ ਹਨ। ਬਾਪ ਵੀ ਕਹਿੰਦੇ ਹਨ ਤੁਹਾਨੂੰ ਇਹ ਗਿਆਨ ਸੁਣਾਉਂਦਾ ਹਾਂ, ਇਹ ਫਿਰ ਪ੍ਰਾਯ ਲੋਪ ਹੋ ਜਾਂਦਾ ਹੈ। ਕਿਸੇ ਨੂੰ ਵੀ ਪਤਾ ਨਹੀਂ ਹੈ ਕਿ ਲਕਸ਼ਮੀ - ਨਾਰਾਇਣ ਦਾ ਰਾਜ ਸੀ ਤਾਂ ਹੋਰ ਕੋਈ ਧਰਮ ਨਹੀਂ ਸੀ। ਉਸ ਸਮੇਂ ਜਨਸੰਖਿਆ ਕਿੰਨੀ ਥੋੜੀ ਹੋਵੇਗੀ, ਹੁਣ ਕਿੰਨੀ ਹੈ। ਤਾਂ ਇਹ ਚੇਂਜ ਹੋਣੀ ਚਾਹੀਦੀ ਹੈ। ਜਰੂਰ ਵਿਨਾਸ਼ ਵੀ ਚਾਹੀਦਾ ਹੈ। ਮਹਾਭਾਰਤ ਲੜ੍ਹਾਈ ਵੀ ਹੈ। ਜਰੂਰ ਭਗਵਾਨ ਵੀ ਹੋਵੇਗਾ। ਸ਼ਿਵ ਜਯੰਤੀ ਮਨਾਉਂਦੇ ਹਨ ਤਾਂ ਸ਼ਿਵਬਾਬਾ ਨੇ ਕੀ ਆਕੇ ਕੀਤਾ? ਉਹ ਵੀ ਨਹੀਂ ਜਾਣਦੇ ਹਨ। ਹੁਣ ਬਾਪ ਸਮਝਾਉਂਦੇ ਹਨ, ਗੀਤਾ ਤੋਂ ਸ਼੍ਰੀਕ੍ਰਿਸ਼ਨ ਦੀ ਆਤਮਾ ਨੂੰ ਰਾਜਾਈ ਮਿਲੀ। ਮਾਤ - ਪਿਤਾ ਕਹਿਣਗੇ ਗੀਤਾ ਨੂੰ, ਜਿਸਨਾਲ ਤੁਸੀਂ ਫਿਰ ਦੇਵਤਾ ਬਣਦੇ ਹੋ ਇਸਲਈ ਚਿੱਤਰ ਵਿੱਚ ਵੀ ਦਿਖਾਇਆ ਹੈ - ਸ਼੍ਰੀਕ੍ਰਿਸ਼ਨ ਹੈ ਗੀਤ ਨਹੀਂ ਸੁਣਾਈ। ਸ਼੍ਰੀਕ੍ਰਿਸ਼ਨ ਗੀਤਾ ਦੇ ਗਿਆਨ ਨਾਲ ਰਾਜਯੋਗ ਸਿੱਖ ਇਹ ਬਣਿਆ, ਕਲ ਫਿਰ ਸ਼੍ਰੀਕ੍ਰਿਸ਼ਨ ਹੋਵੇਗਾ। ਉਹਨਾਂ ਨੇ ਫਿਰ ਸ਼ਿਵਬਾਬਾ ਦੇ ਬਦਲੇ ਸ਼੍ਰੀਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਤਾਂ ਬਾਪ ਸਮਝਾਉਂਦੇ ਹਨ, ਇਹ ਤਾਂ ਆਪਣੇ ਅੰਦਰ ਪੱਕਾ ਨਿਸ਼ਚੇ ਕਰੋ ਲਵੋ, ਕੋਈ ਉਲਟੀ - ਸੁਲਟੀ ਗੱਲ ਸੁਣਾਕੇ ਤੁਹਾਨੂੰ ਡਿੱਗਾ ਨਾ ਦੇਣ। ਬਹੁਤ ਗੱਲਾਂ ਪੁੱਛਦੇ ਹਨ - ਵਿਕਾਰ ਬਿਗਰ ਸ੍ਰਿਸ਼ਟੀ ਕਿਵੇਂ ਚੱਲੇਗੀ? ਇਹ ਕਿਵੇਂ ਹੋਵੇਗਾ? ਅਰੇ, ਤੁਸੀਂ ਖੁਦ ਕਹਿੰਦੇ ਹੋ - ਉਹ ਵਾਈਸਲੈਸ ਦੁਨੀਆ ਸੀ। ਸੰਪੂਰਨ ਨਿਰਵਿਕਾਰੀ ਕਹਿੰਦੇ ਹੋ ਨਾ ਫਿਰ ਵਿਕਾਰ ਦੀ ਗੱਲ ਕਿਵੇਂ ਹੋ ਸਕਦੀ ਹੈ? ਹੁਣ ਤੁਸੀਂ ਜਾਣਦੇ ਹੋ ਬੇਹੱਦ ਦੇ ਬਾਪ ਕੋਲੋਂ ਬੇਹੱਦ ਦੀ ਬਾਦਸ਼ਾਹੀ ਮਿਲਦੀ ਹੈ, ਤਾਂ ਇਵੇਂ ਦੇ ਬਾਪ ਨੂੰ ਕਿਉਂ ਨਹੀਂ ਯਾਦ ਕਰਨਗੇ? ਇਹ ਹੈ ਹੀ ਪਤੀਤ ਦੁਨੀਆਂ। ਕੁੰਭ ਦੇ ਮੇਲੇ ਵਿੱਚ ਕਿੰਨੇ ਲੱਖਾਂ ਜਾਂਦੇ ਹਨ। ਹੁਣ ਕਹਿੰਦੇ ਹਨ ਉੱਥੇ ਇੱਕ ਨਦੀ ਗੁਪਤ ਹੈ। ਹੁਣ ਕੋਈ ਨਦੀ ਗੁਪਤ ਹੋ ਸਕਦੀ

ਹੈ ਕੀ? ਇੱਥੇ ਵੀ ਗਊਮੁੱਖ ਬਣਾਇਆ ਹੈ। ਕਹਿੰਦੇ ਹਨ ਗੰਗਾ ਇੱਥੇ ਆਉਂਦੀ ਹੈ। ਅਰੇ, ਗੰਗਾ ਆਪਣਾ ਰਸਤਾ ਲੈਕੇ ਸਮੁੰਦਰ ਵਿੱਚ ਜਾਏਗੀ ਕਿ ਇੱਥੇ ਤੁਹਾਡੇ ਕੋਲ ਪਹਾੜ ਤੇ ਆਏਗੀ। ਭਗਤੀ ਮਾਰਗ ਵਿੱਚ ਕਿੰਨੇ ਧੱਕੇ ਹਨ। ਗਿਆਨ, ਭਗਤੀ ਫਿਰ ਹੈ ਵੈਰਾਗ। ਇੱਕ ਹੈ ਹੱਦ ਦਾ ਵੈਰਾਗ, ਦੂਸਰਾ ਹੈ ਬੇਹੱਦ ਦਾ। ਸੰਨਿਆਸੀ ਘਰਬਾਰ ਛੱਡ ਜੰਗਲ ਵਿੱਚ ਰਹਿੰਦੇ ਹਨ, ਇੱਥੇ ਤਾਂ ਉਹ ਗੱਲ ਨਹੀਂ। ਤੁਸੀਂ ਬੁੱਧੀ ਤੋਂ ਸਾਰੇ ਪੁਰਾਣੀ ਦੁਨੀਆਂ ਦਾ ਸੰਨਿਆਸ ਕਰਦੇ ਹੋ। ਤੁਸੀਂ ਰਾਜਯੋਗੀ ਬੱਚਿਆਂ ਦਾ ਮੁਖ ਕਰਤਵ ਹੈ ਪੜ੍ਹਣਾ ਅਤੇ ਪੜ੍ਹਾਉਣਾ। ਹੁਣ ਰਾਜਯੋਗ ਕੋਈ ਜੰਗਲ ਵਿੱਚ ਥੋੜੀਹੀ ਸਿਖਾਇਆ ਜਾਂਦਾ ਹੈ। ਇਹ ਸਕੂਲ ਹੈ। ਬਰਾਂਚੀਜ਼ ਨਿਕਲਦੀ ਜਾਂਦੀ ਹੈ। ਤੁਸੀਂ ਬੱਚੇ ਰਾਜਯੋਗ ਸਿੱਖ ਰਹੇ ਹੋ। ਸ਼ਿਵਬਾਬਾ ਤੋਂ ਪੜ੍ਹੇ ਹੋਏ ਬ੍ਰਾਹਮਣ - ਬ੍ਰਹਮਣੀਆਂ ਸਿਖਾਉਂਦੇ ਹਨ। ਇੱਕ ਸ਼ਿਵਬਾਬਾ ਥੋੜੀਹੀ ਬੈਠ ਸਿਖਾਏਗਾ। ਤਾਂ ਇਹ ਹੋਈ ਪਾਂਡਵ ਗੌਰਮਿੰਟ। ਤੁਸੀਂ ਹੋ ਈਸ਼ਵਰੀ ਮਤ ਤੇ। ਇੱਥੇ ਤੁਸੀਂ ਕਿੰਨਾ ਸ਼ਾਂਤੀ ਵਿੱਚ ਬੈਠੇ ਹੋ, ਬਾਹਰ ਤਾਂ ਅਨੇਕ ਹੰਗਾਮੇ ਹਨ। ਬਾਪ ਕਹਿੰਦੇ ਹਨ 5 ਵਿਕਾਰਾਂ ਦਾ ਦਾਨ ਦਵੋ ਤਾਂ ਗ੍ਰਹਿਣ ਛੁੱਟ ਜਾਏਗਾ। ਮੇਰੇ ਬਣੋ ਤਾਂ ਮੈਂ ਤੁਹਾਡੀ ਸਭ ਕਾਮਨਾਵਾਂ ਪੂਰੀ ਕਰ ਦਵਾਂਗਾ। ਤੁਸੀਂ ਬੱਚੇ ਜਾਣਦੇ ਹੋ ਹੁਣ ਅਸੀਂ ਸੁਖਧਾਮ ਵਿੱਚ ਜਾਂਦੇ ਹਾਂ, ਦੁਖਧਾਮ ਨੂੰ ਅੱਗ ਲੱਗਣੀ ਹੈ। ਬੱਚਿਆਂ ਨੇ ਵਿਨਾਸ਼ ਦਾ ਸਾਕਸ਼ਾਤਕਾਰ ਵੀ ਕੀਤਾ ਹੈ। ਹੁਣ ਟਾਇਮ ਬਹੁਤ ਥੋੜੀ ਹੈ ਇਸਲਈ ਯਾਦ ਦੀ ਯਾਤਰਾ ਵਿੱਚ ਲਗ ਜਾਣਗੇ ਤਾਂ ਵਿਕਰਮ ਵਿਨਾਸ਼ ਹੋਣਗੇ ਅਤੇ ਉੱਚ ਪਦਵੀ ਪਾਉਣਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਦੇ ਵਰਸੇ ਦਾ ਪੂਰਾ ਅਧਿਕਾਰ ਲੈਣ ਦੇ ਲਈ ਜਿਉਂਦੇ ਜੀ ਮਰਨਾ ਹੈ। ਅਡੋਪਟ ਹੋ ਜਾਣਾ ਹੈ। ਕਦੀ ਵੀ ਆਪਣੀ ਉੱਚੀ ਤਕਦੀਰ ਨੂੰ ਲਕੀਰ ਨਹੀਂ ਲਗਾਉਣੀ ਹੈ।

2. ਕੋਈ ਵੀ ਉਲਟੀ -ਸੁਲਟੀ ਗੱਲ ਸੁਣਕੇ ਸੰਸ਼ੇ ਵਿੱਚ ਨਹੀਂ ਆਉਣਾ ਹੈ। ਜ਼ਰਾ ਵੀ ਨਿਸ਼ਚੇ ਨਾ ਹਿੱਲੇ। ਇਸ ਦੁੱਖਧਾਮ ਨੂੰ ਅੱਗ ਲੱਗਣ ਵਾਲੀ ਹੈ ਇਸਲਈ ਇਸ ਤੋਂ ਆਪਣਾ ਬੁੱਧੀਯੋਗ ਨਿਕਾਲ ਲੈਣਾ ਹੈ।

ਵਰਦਾਨ:- ਸਮੇਂ ਪ੍ਰਮਾਣ ਆਪਣੇ ਭਾਗ ਦਾ ਸਿਮਰਨ ਕਰ ਖੁਸ਼ੀ ਅਤੇ ਪ੍ਰਾਪਤੀਆਂ ਨਾਲ ਭਰਪੂਰ ਬਣਨ ਵਾਲੇ ਸਮ੍ਰਿਤੀ ਸਵਰੂਪ ਭਵ

ਭਗਤੀ ਵਿੱਚ ਤੁਸੀਂ ਸਮ੍ਰਿਤੀ ਸਵਰੂਪ ਆਤਮਾਵਾਂ ਦੇ ਯਾਦਗਾਰ ਰੂਪ ਵਿੱਚ ਭਗਤ ਹੁਣ ਤੱਕ ਤੁਹਾਡੇ ਹਰ ਕਰਮ ਦੀ ਵਿਸ਼ੇਸ਼ਤਾ ਦਾ ਸਿਮਰਨ ਕਰਦੇ ਅਲੌਕਿਕ ਅਨੁਭਵਾਂ ਵਿੱਚ ਖੋ ਜਾਂਦੇ ਹਨ ਤਾਂ ਆਪਣੇ ਪ੍ਰੈਕਟਿਕਲ ਜੀਵਨ ਵਿਚ ਕਿੰਨੇ ਪ੍ਰਾਪਤ ਕੀਤੇ ਹੋਣਗੇ! ਸਿਰਫ ਜਿਸ ਤਰ੍ਹਾਂ ਦਾ ਸਮਾਂ, ਜਿਵੇਂ ਦਾ ਕਰਮ ਉਵੇਂ ਦੇ ਸਵਰੂਪ ਦੀ ਸਮ੍ਰਿਤੀ ਇਮ੍ਰਜ ਰੂਪ ਵਿਚ ਅਨੁਭਵ ਕਰੋ ਤਾਂ ਬਹੁਤ ਵਚਿੱਤਰ ਖੁਸ਼ੀ, ਵਚਿੱਤਰ ਪ੍ਰਾਪਤੀਆਂ ਦਾ ਭੰਡਾਰ ਬਣ ਜਾਵੋਗੇ ਅਤੇ ਦਿਲ ਤੋਂ ਇਹ ਹੀ ਅਨਹਦ ਗੀਤ ਨਿਕਲੇਗਾ ਕਿ ਪਾਉਣਾ ਸੀ ਸੋ ਪਾ ਲਿਆ।

ਸਲੋਗਨ:- ਨੰਬਰਵਨ ਵਿੱਚ ਆਉਣਾ ਹੈ ਤਾਂ ਸਿਰਫ ਬ੍ਰਹਮਾ ਬਾਪ ਦੇ ਕਦਮ ਤੇ ਕਦਮ ਰੱਖਦੇ ਚੱਲੋ।

******